ਜਲੰਧਰ ਬਾਣੀ

ਜਲੰਧਰ, ਸ਼ਨੀਵਾਰ Saturday 9 ਅਪ੍ਰੈਲ 2011

# ਅੰਗਹੀਣਾਂ ਨੂੰ ਵੰਡੀਆਂ ਵ੍ਹੀਲ ਚੇਅਰਜ਼

ਜਲੰਧਰ, 8 ਅਪ੍ਰੈਲ (ਜੁਗਿੰਦਰ ਸੰਧੂ)- ਤੋਪਖਾਨਾ ਬਾਜ਼ਾਰ ਜਲੰਧਰ ਛਾਉਣੀ ਦੇ ਫਰੀ ਮੈਸਨ ਹਾਲ ਵਿਚ ਲਾਏ ਗਏ ਇਕ ਮੁਫਤ ਮੈਡੀਕਲ ਕੈਂਪ ਵਿਚ 10 ਲੋੜਵੰਦ ਅੰਗਹੀਣਾਂ ਨੂੰ ਵ੍ਹੀਲ ਚੇਅਰਜ਼ ਦਿੱਤੀਆਂ ਗਈਆਂ। ਲਾਂਜ ਡੇਵਨ (1999 ਈ. ਸੀ.) ਅਤੇ ਸਿੱਖ ਯੂਨੀਅਨ ਜਵੈਂਟਰੀ (ਯੂ. ਕੇ.) ਵਲੋਂ ਸਾਂਝੇ ਤੌਰ 'ਤੇ ਲਾਏ ਗਏ ਇਸ ਕੈਂਪ ਵਿਚ ਉਘੇ ਡਾਕਟਰਾਂ ਨੇ ਵੱਖ-ਵੱਖ ਰੋਗਾਂ ਦੇ ਮਰੀਜ਼ਾਂ ਦੀ ਜਾਂਚ ਕੀਤੀ ਅਤੇ 100 ਦੇ ਕਰੀਬ ਰੋਗੀਆਂ ਦੇ ਅੱਖਾਂ ਦੇ ਆਪ੍ਰੇਸ਼ਨ ਕੀਤੇ ਗਏ।



ਲੋੜਵੰਦਾਂ ਨੂੰ ਵ੍ਹੀਲ ਚੇਅਰਜ਼ ਦਿੰਦੇ ਹੋਏ ਆਗੂ।

ਕੈਂਪ ਵਿਚ ਯੂ. ਕੇ. ਤੋਂ ਸ. ਬਾਲੀ ਪਨੇਸਰ, ਪਲਵਿੰਦਰ ਚੰਨਾ ਅਤੇ ਸੁਰਿੰਦਰ ਮਰਵਾਹਾ ਵਿਸ਼ੇਸ਼ ਰੂਪ ਵਿਚ ਸ਼ਾਮਲ ਹੋਏ। ਲੋੜਵੰਦਾਂ ਨੂੰ ਦਵਾਈਆਂ ਵੀ ਦਿੱਤੀਆਂ ਗਈਆਂ। ਕੈਂਪ ਨੂੰ ਸਫਲ ਬਣਾਉਣ ਵਿਚ ਸ਼੍ਰੀ ਵਿਪਨ ਬ੍ਰਿਜ ਸਾਬਕਾ ਗਵਰਨਰ ਲਾਇਨ ਐੱਮ. ਐੱਸ. ਕਲਸੀ, ਜੋਗਿੰਦਰ ਸਿੰਘ, ਸੁਰਿੰਦਰ ਕਲਸੀ, ਰਾਜੀਵ ਗੁਪਤਾ, ਹਰਮਿੰਦਰ ਸਿੰਘ, ਸ਼ਰਨਜੀਤ ਸਿੰਘ, ਐੱਚ. ਐੱਸ. ਦਿਓਲ ਅਤੇ ਆਰ. ਐੱਸ. ਬੇਦੀ ਨੇ ਵਡਮੁੱਲਾ ਯੋਗਦਾਨ ਪਾਇਆ।